# ਹੁਨਰ ਤੋ ਰੋਜਗਾਰ ਪ੍ਰੋਗ੍ਰਾਮ

## (ਪਿੰਡਾਂ ਵਿਚ ਰਹਿਣ ਵਾਲਿਆਂ ਅਤੇ ਉਹਨਾਂ ਦੇ ਪਿੰਡ ਵਿਚ)

ਭਾਰਤ ਸਰਕਾਰ ਦੇ ਸੈਰ ਸਪਾਟਾ ਮੰਤਰਾਲੇ ਵਲੋਂ "ਸਕਿਲ ਡਿਵੇਲਪਮੈਂਟ ਸਕੀਮ" ਤਹਿਤ 6 ਤੋਂ 8 ਹਫਤੇ ਦੇ ਰੋਜਗਾਰ ਮੁੱਖੀ ਕੋਰਸ ਚਲਾਏ ਜਾ ਰਹੇ ਹਨ। ਇਹ ਕੋਰਸ ਪੰਜਾਬ ਸਰਕਾਰ ਦੇ ਟੂਰਿਜ਼ਮ ਵਿਭਾਗ ਵਲੋਂ ਸੂਬੇ ਦੇ ਹੋਟਲ ਮੈਨੇਜਮੈਂਟ ਕਾਲਜਾਂ ਵਿਚ ਚਲ ਰਹੇ ਹਨ। ਇਕ ਨਵੀਂ ਸਕੀਮ ਤੇ ਤਹਿਤ ਇਹ ਕੋਰਸ ਕੁੱਝ ਚੁੰਨੇ ਹੋਏ ਪਿੰਡਾਂ ਵਿਚ ਵੀ ਚਲਾਏ ਜਾਣਗੇ। ਇਹ ਸਕੀਮ ਉਹਨਾਂ ਪਿੰਡਾਂ ਵਿਚ ਚਲਾਈ ਜਾਏਗੀ ਜਿਥੇ ਟੂਰਿਜ਼ਮ ਦੇ ਵਿਕਾਸ ਪਖੋਂ ਸਰਰਖ਼ਾ ਸੰਭਾਵਿਤ ਹੋਵੇਗੀ।

ਪਿੰਡ ਵਿਚ ਇਨ੍ਹਾਂ ਕੋਰਸਾਂ ਨੂੰ ਚਲਾਉਣ ਲਈ ਸੁੱਚਜੀ ਜਗ੍ਹਾ ਬਿਨ੍ਹਾਂ ਕਿਸੇ ਖਰਚ ਦੇ ਮੁਹਇਆ ਕਰਵਾਉਣੀ ਪਵੇਗੀ। ਕੋਰਸ ਚਲਾਉਣ ਲਈ ਫੂਡ ਕਰਾਫ਼ਟ ਇੰਸਟੀਚਿਊਟ, ਹੁਸਿਆਰਪੁਰ ਇੱਕ ਅਸਥਾਈ ਟ੍ਰੇਨਿੰਗ ਸੈਂਟਰ ਅਤੇ ਤੁਜਰਬੇਕਾਰ ਟੀਚਰ ਦੀ ਡਿਊਟੀ ਲਗਾਏਗੀ। ਕੋਰਸ ਚਲਾਉਦ ਲਈ ਮਸੀਨਰੀ ਅਤੇ ਉਪਕਰਣ ਵੀ ਫੂਡ ਕਰਾਫ਼ਟ ਇੰਸਟੀਚਿਊਟ, ਹੁਸ਼ਿਆਰਪੁਰ ਵਲੋਂ ਮੁਹਇਆ ਕਰਵਾਇਆ ਜਾਵੇਗਾ। ਇਸ ਤਰ੍ਹਾਂ ਅਡਾਪਟ ਕੀਤੇ ਹੋਏ ਪਿੰਡਾਂ ਦੇ ਬੱਚਿਆ ਦੇ ਸੁਨਹਿਰੇ ਭੱਵਿਖ ਲਈ ਹਰ ਸੰਭਵ ਯਤਨ ਫੂਡ ਕਰਾਫ਼ਟ ਇੰਸਟੀਚਿਊਟ, ਹੁਸ਼ਿਆਰਪੁਰ ਵੀ ਕਾਲਿਜ ਕਰੇਗਾ।

ਇਨ੍ਹਾਂ ਕੋਰਸਾਂ ਨੂੰ ਚਲਾਉਣ ਲਈ ਪਿੰਡ ਦੀ ਪੰਚਾਇਤ ਜਾ ਹੋਰ ਕੋਈ ਸੰਸਥਾ ਨੂੰ ਹੇਠ ਲਿਖੇ ਬਾਰੇ ਜਾਣੂ ਕਰਵਾਇਆ ਜਾਵੇਗਾ।

ਇਹਨਾਂ ਕੋਰਸਾਂ ਦੇ ਲਈ ਘੱਟੋ - ਘੱਟ ਯੋਗਤਾ ਅਤੇ ਉਮਰ ਹੇਠਾਂ ਦਰਸਾਈ ਗਈ ਹੈ।

| ਕੋਰਸ ਦਾ ਨਾਂ | | ਸਮਾਂ | ਯੋਗਤਾ | ਉਮਰ |
|---|---|---|---|---|
| 1. ਫੂਡ ਪ੍ਰੋਡਕਸ਼ਨ (ਕੁੱਕ) | – | 8 ਹਫਤੇ | ਅਠਵੀਂ ਪਾਸ | 18 ਤੋਂ 28 ਸਾਲ |
| 2. ਬੇਕਰੀ ਅਤੇ ਕਨਫੈਕਸ਼ਨਰੀ | – | 8 ਹਫਤੇ | ਅਠਵੀਂ ਪਾਸ | 18 ਤੋਂ 28 ਸਾਲ |
| 3. ਫੂਡ ਐਂਡ ਬੇਵਰੈਜ ਸਰਵਿਸ (ਵੇਟਰ) | | 6 ਹਫਤੇ | ਅਠਵੀਂ ਪਾਸ | 18 ਤੋਂ 28 ਸਾਲ |
| 4. ਹਾਊਸ ਕੀਪਿੰਗ ਯੂਟਿਲਟੀ | – | 6 ਹਫਤੇ | ਅਠਵੀਂ ਪਾਸ | 18 ਤੋਂ 28ਸਾਲ |

ਇਨਾਂ ਕੋਰਸਾਂ ਲਈ ਕੋਈ ਕੋਰਸ ਫੀਸ ਨਹੀ ਹੈ। 90% ਹਾਜ਼ਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਵਲੋਂ 8 ਹਫਤੇ ਦੇ ਕੋਰਸ ਲਈ 2000/- ਰੁਪਏ ਅਤੇ 6 ਹਫਤੇ ਦੇ ਕੋਰਸਾਂ ਲਈ 1500/- ਰੁਪਏ ਬਤੌਰ ਵਜੀਫਾਂ ਦਿੱਤਾ ਜਾਵੇਗਾ। ਕੋਰਸ ਪੂਰਾ ਹੋਣ ਤੋਂ ਬਾਦ ਨੈਸ਼ਨਲ ਕੌਂਸਿਲ ਫਾਰ ਹੋਟਲ ਮੈਨਜਮੈਂਟ ਅਤੇ ਕੇਟਰਿਗ ਤੱਕਨਾਲਜੀ, ਨੋਇਡਾ ਵਲੋਂ ਟੈਸਟ ਲਿਆ ਜਾਵੇਗਾ ਅਤੇ ਇਸ ਟੈਸਟ ਨੂੰ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਇਸ ਸੰਸਥਾ ਵਲੋਂ ਸਰਟੀਫਿਕੇਟ ਦਿੱਤੇ ਜਾਣਗੇ। ਫੂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਇਨਾਂ ਵਿਦਿਆਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕਰੇਗਾ ਅਤੇ ਹੋਟਲਾਂ, ਰੇਸਟੋਰੇਟਾਂ ਤੇ ਸਰਵਿਸ ਸੈਕਟਰ ਦੀਆਂ ਕੰਪਨੀਆਂ ਵਲੋਂ ਕੈਂਮਪਸ ਇੰਟਰਵਿਊ ਮੁਹੱਈਆ ਕਰਵਾਏਗਾ। ਇਨ੍ਹਾਂ ਕੋਰਸਾਂ ਲਈ ਸੰਸਥਾ ਵਲੋਂ ਕਿਤਾਬਾਂ, ਟੂਲ ਕਿਟ, ਵਰਦੀ ਅਤੇ ਦੁਪਹਿਰ ਦਾ ਖਾਣਾ ਵੀ ਮੁਹੱਈਆ ਕਰਵਾਇਆ ਜਾਵੇਗਾ।

ਬਿਨੈ - ਪੱਤਰ ਇੰਸਟੀਚਿਊਟ ਦੀ ਵੈਬ ਸਾਈਟ www.fcihoshiarpur.org, ਵਿਖੇ ਉਪਲੱਬਧ ਹਨ।